# ਸ਼ੇਖ ਫ਼ਰੀਦ - ਸਬਦ ੧੩੦

## ਮਤਿ ਹੋਦੀ ਹੋਇ ਇਆਣਾ ॥

## ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੪

ਮਤਿ ਹੋਦੀ ਹੋਇ ਇਆਣਾ ॥
ਤਾਣ ਹੋਦੇ ਹੋਇ ਨਿਤਾਣਾ ॥
ਅਣਹੋਦੇ ਆਪੁ ਵੰਡਾਏ ॥
ਕੋ ਐਸਾ ਭਗਤੁ ਸਦਾਏ ॥੧੨੮॥

ਸਾਰ: ਹੋਂਦ ਦੇ ਇਸ ਪਸਾਰ ਵਿਚ ਬੱਚਿਆਂ ਵਰਗੀ ਸਾਦਗੀ ‘ਤੇ ਕਿਸੇ ਦੈਵੀ ਰੂਹ ਵਰਗੀ ਸਿਆਣਪ ਦਾ ਸੁਮੇਲ ਕਿਧਰੇ ਵਿਰਲਾ ਹੀ ਵੇਖਣ ਨੂੰ ਮਿਲਦਾ ਹੈ। ਇਹ ਉਦਾਹਰਣ ਅਜਿਹੀ ਅਵਸਥਾ ਦੀ ਤਰਜ਼ਮਾਨੀ ਕਰਦੀ ਹੈ ਜਿਸ ਵਿਚ ਹੈਰਾਨ ਕਰਨ ਵਾਲਾ ਭੋਲਾਪਣ ਅਤੇ ਗੂੜ੍ਹ ਸੂਝ ਦਾ ਸਮਨਵੈ ਹੁੰਦਾ ਹੈ। ਇਹ ਅਵਸਥਾ ਦਿਖਾਵੇ ਤੋਂ ਮੁਕਤ ਪਰ ਜੀਵਨ ਦੇ ਅਮੀਰ ਅਨੁਭਵ ਨਾਲ ਭਰਪੂਰ ਹੁੰਦੀ ਹੈ, ਜਿਸ ਨੂੰ ਬੌਧਿਕ ਨਿਮਰਤਾ ਅਤੇ ਨਿਸ਼ਕਾਮ ਉਦਾਰਤਾ ਦਾ ਮਿਲਾਪ ਵੀ ਕਿਹਾ ਜਾ ਸਕਦਾ ਹੈ। ਇਸ ਸੰਦਰਭ ਵਿਚ ਸਪਸ਼ਟਤਾ ਵੱਡੇਪਣ ਦਾ ਅਹਿਸਾਸ ਨਹੀਂ ਕਰਵਾਉਂਦੀ ਬਲਕਿ ਇਹ ਆਪਣਾ ਸਮਾਂ, ਊਰਜਾ ਅਤੇ ਹਿਰਦਾ ਦੂਜਿਆਂ ਨਾਲ ਸਾਂਝਾ ਕਰਨ ਦੇ ਰੁਝਾਨ ਵਿਚ ਵਿਗਸਦੀ ਹੈ। ਇਸ ਵਰਤਾਰੇ ਵਿਚ ਬਿਬੇਕ ਦੂਰੀ ਨਹੀਂ ਬਣਾਉਂਦਾ ਬਲਕਿ ਇਹ ਕਿਸੇ ਦੀ ਹਾਜ਼ਰਤਾ ਦੀ ਨਰਮਾਈ ਦਾ ਅਹਿਸਾਸ ਕਰਵਾਉਂਦਾ ਹੈ, ਜੋ ਬਿਨ੍ਹਾਂ ਕਿਸੇ ਮਾਨ ਵਡਿਆਈ ਉਦਾਰਤਾ ਨਾਲ ਵੰਡਣ ਦੀ ਆਗਿਆ ਦਿੰਦੀ ਹੈ।

ਮਤਿ ਹੋਦੀ ਹੋਇ ਇਆਣਾ ॥
ਬਿਬੇਕ ਹੁੰਦੇ ਹੋਏ ਵੀ ਵਿਵਹਾਰ ਵਿਚ ਮਾਸੂਮ ਬਣੇ ਰਹਿਣਾ। ਇਹ ਭਾਵ ਕਿਸੇ ਦੈਵੀ ਰੂਹ ਵਰਗੀ ਸਿਆਣਪ ਦੇ ਵਿਚਕਾਰ ਬੱਚਿਆਂ ਵਰਗੀ ਨਿਰਮਲਤਾ ਦਾ ਪ੍ਰਤੀਕ ਹੈ।

ਤਾਣ ਹੋਦੇ ਹੋਇ ਨਿਤਾਣਾ ॥

ਬੇਅੰਤ ਸਮਰਥਾ ਦੇ ਮਾਲਕ ਹੋਣ ਦੇ ਬਾਵਜੂਦ ਵੀ ਸਮਰਥਾਹੀਨ ਦੀ ਤਰ੍ਹਾਂ ਵਿਵਹਾਰ ਕਰਨਾ। ਇਹ ਭਾਵ ਕ੍ਰੋਧ ਉਪਰ ਵੀ ਨਿਮਰਤਾ ਦੇ ਬਲ ਦੀ ਤਰਜ਼ਮਾਨੀ ਕਰਦਾ ਹੈ, ਜੋ ਸਮਰਥਾ ਦੀ ਅਸਲ ਭਾਵਨਾ ਦਾ ਪ੍ਰਤੀਕ ਹੈ।

ਅਣਹੋਦੇ ਆਪੁ ਵੰਡਾਏ ॥

ਕੁਝ ਨਾ ਹੋਣ ਦੇ ਬਾਵਜੂਦ ਵੀ ਆਪਣਾ ਆਪ ਦੂਜਿਆਂ ਨਾਲ ਸਾਂਝਾ ਕਰਨਾ। ਇਹ ਭਾਵ ਦਰਸਾਉਂਦਾ ਹੈ ਕਿ ਉਦਾਰਤਾ ਦਾ ਉਦਭਵ ਬਹੁਤਾਤ ਵਿਚੋਂ ਨਹੀਂ ਬਲਕਿ ਖੁਲ੍ਹ-ਦਿਲੀ ਮਨੋਬਿਰਤੀ ਵਿਚੋਂ ਹੁੰਦਾ ਹੈ

ਕੋ ਐਸਾ ਭਗਤੁ ਸਦਾਏ ॥੧੨੮॥

ਸਿਰਫ਼ ਅਜਿਹੇ ਵਿਅਕਤੀ ਨੂੰ ਹੀ ਸਮਰਪਿਤ ਸਾਧਕ ਕਿਹਾ ਜਾ ਸਕਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਇਕ ਸਾਧਕ ਦੀ ਅਵਸਥਾ ਰਸਮਾਂ ਦੀ ਬਜਾਏ ਗੁਣਾਂ ਦੁਆਰਾ ਪ੍ਰਾਪਤ ਕੀਤੀ ਜਾਂਦੀ ਹੈ। (੧੨੮)

**ਤੱਤ:** ਸ਼ੇਖ ਫ਼ਰੀਦ ਰੂਹਾਨੀ ਵਿਕਾਸ ਵਿਚ ਪ੍ਰਮਾਣਿਕਤਾ ਦੇ ਤੱਤਸਾਰ ਨੂੰ ਉਜਾਗਰ ਕਰਦੇ ਹਨ। ਉਹ ਦਲੀਲ ਦਿੰਦੇ ਹਨ ਕਿ ਸੱਚਾ ਅਹਿਸਾਸ ਸ਼ਕਤੀ ਜਾਂ ਬੁੱਧੀ ਦੇ ਦਿਖਾਵੇ ਨਾਲ ਨਹੀਂ, ਸਗੋਂ ਇਹਨਾਂ ਦੇ ਅਰਥ ਭਰਪੂਰ ਉਪਯੋਗ ਦੁਆਰਾ ਦਰਸਾਇਆ ਜਾਂਦਾ ਹੈ। ਇਕ ਸੱਚਾ ਸਾਧਕ ਪ੍ਰਮਾਣਿਕਤਾ ਲਈ ਹਉਮੈ ਦੀ ਲਾਲਸਾ ਤੋਂ ਪਾਰ ਹੁੰਦਾ ਹੈ, ਰੋਹਬ ਨਾਲੋਂ ਨਿਮਰਤਾ ਦਾ ਧਾਰਨੀ ਹੁੰਦਾ ਹੈ ਅਤੇ ਇਕੱਤਰ ਕਰਨ ਦੀ ਥਾਂ ਉਦਾਰਤਾ ਨੂੰ ਚੁਣਦਾ ਹੈ। ਇਹ ਗੁਣ ਖੁਦ ਨੂੰ ਅਮੀਰ ਬਣਾਉਂਦੇ ਹਨ ਅਤੇ ਆਲੇ ਦੁਆਲੇ ਨੂੰ ਉੱਚਾ ਚੁੱਕਦੇ ਹਨ।

---

ਪਹਿਲਕਦਮੀ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**